Nāsadīyam
A Multi-Disciplinary National Research Journal (Annual)
Peer Reviewed/Refereed
Available online at: https://nasadiyam.dmmkkr.ac.in/
Volume 1, Issue 1 (Jan – Dec), 2022, Pp 33-39

# ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗ ਅਤੇ ਬਿਰਹਾ ਦਾ ਚਿੱਤਰਣ

ਡਾ। ਸੋਨੀਆ ਰਾਨੀ
ਸਹਾਇਕ ਪ੍ਰੋਫ਼ੈਸਰ (ਪੰਜਾਬੀ ਵਿਭਾਗ)
ਦਯਾਨੰਦ ਮਹਿਲਾ ਮਹਾਵਿਦਿਆਲਿਆ
ਕੁਰੂਕਸ਼ੇਤਰ, ਹਰਿਆਣਾ, ਭਾਰਤ
ਈ-ਮੇਲ: soniachauhan1144@gmail.com
ਮੋਬਾਇਲ : 9466941441

## ਸਾਰ (Abstract)

ਸੂਫ਼ੀ ਕਾਵਿ-ਧਾਰਾ ਪੰਜਾਬੀ ਸਾਹਿਤ ਦਾ ਅਨਿੱਖੜਵਾਂ ਅੰਗ ਹੈ। ਪੰਜਾਬੀ ਸੂਫ਼ੀ ਕਵੀਆਂ ਨੇ ਪ੍ਰੀਤਮ ਦੇ ਵਿਯੋਗ ਵਿਚ ਤੜਪਦੀ ਆਤਮਾ ਨੂੰ ਸ਼ਾਬਦਿਕ ਰੂਪ ਵਿਚ ਸਾਕਾਰ ਕੀਤਾ ਹੈ। ਬੁੱਲ੍ਹੇ ਸ਼ਾਹ ਦੇ ਕਾਵਿ ਵਿਚ ਵੀ ਵਿਯੋਗ ਅਤੇ ਬਿਰਹਾ ਦਾ ਸੰਕਲਪ ਪੇਸ਼ ਹੋਇਆ ਹੈ। ਸੂਫ਼ੀ ਕਾਵਿ ਵਿਚ ਬੁੱਲ੍ਹੇ ਸ਼ਾਹ ਦੀ ਰਚਨਾ ਨੂੰ ਸੂਫ਼ੀ ਕਲਾਮ ਦੀ ਸਿਖ਼ਰ ਦਾ ਦਰਜ਼ਾ ਪ੍ਰਾਪਤ ਹੈ। ਉਸ ਦੀ ਸ਼ਾਇਰੀ ਦੇ ਆਰ-ਪਾਰ ਇਸ਼ਕ ਦੀ ਤਿੱਖੀ ਲੋਚਾ, ਵਿਯੋਗ ਦਾ ਸਮਾਂ ਅਤੇ ਬਿਰਹਾ ਦੀ ਤੜਪ ਫੈਲੀ ਹੋਈ ਹੈ। ਸਾਂਈ ਬੁੱਲ੍ਹੇ ਸ਼ਾਹ ਦਾ ਕਲਾਮ ਉਸ ਆਸ਼ਕ ਦੇ ਹਿਰਦੇ ਦੀ ਵੇਦਨਾ ਨੂੰ ਪ੍ਰਗਟ ਕਰਦਾ ਹੈ, ਜਿਸਦੇ ਅੰਦਰ ਪ੍ਰੀਤਮ ਦੇ ਮਿਲਾਪ ਦੀ ਤੜਪ ਦਾ ਮੁਆਤਾ ਬਲ ਚੁੱਕਾ ਹੈ। ਬਿਰਹਾ ਰੂਪੀ ਅਗਨੀ ਨੂੰ ਮੁਰਸ਼ਦ ਦੇ ਲੜ ਲੱਗ ਕੇ ਹੀ ਸ਼ਾਂਤ ਕੀਤਾ ਜਾ ਸਕਦਾ ਹੈ। ਇਸ ਲਈ ਬੁੱਲ੍ਹੇ ਸ਼ਾਹ ਮੁਰਸ਼ਦ ਦੀ ਸੁਯੋਗ ਅਗਵਾਈ ਵਿਚ ਰੱਬੀ ਇਸ਼ਕ ਵਿਚ ਰੰਗ ਜਾਂਦਾ ਹੈ।

**ਮੁੱਖ ਸ਼ਬਦ:** ਸੂਫ਼ੀ, ਮੁਰਸ਼ਦ, ਬਿਰਹਾ, ਵਿਯੋਗ, ਮਿਲਾਪ, ਪ੍ਰੀਤਮ, ਇਸ਼ਕ, ਸਾਧਕ।

## ਰਿਸਰਚ ਪੇਪਰ

ਮੱਧਕਾਲ ਪੰਜਾਬੀ ਸਾਹਿਤ ਖੇਤਰ ਵਿਚ ਸੁਨਿਹਰੀ ਕਾਲ ਹੈ। ਇਸ ਕਾਲ ਵਿਚ ਜਦੋਂ ਇਕ ਪਾਸੇ ਇਸਲਾਮੀ ਸਭਿਆਚਾਰ ਅਤੇ ਭਾਰਤੀ ਸਭਿਆਚਾਰ ਬੁਨਿਆਦੀ ਰੂਪ ਵਿਚ ਇਕ ਦੂਜੇ ਦੇ ਵਿਰੋਧ ਵਿਚ ਆਪਣਾ ਟਕਰਾਵਾ ਸੰਘਰਸ਼ ਕਰ ਰਹੇ ਸਨ; ਦੂਜੇ ਪਾਸੇ ਇਨ੍ਹਾਂ ਦੋਵੇਂ ਚਿੰਤਨ ਦ੍ਰਿਸ਼ਟੀਆਂ ਅਤੇ ਸਭਿਆਚਾਰਕ ਧਰਾਤਲਾਂ ਵਿਚ ਅਜਿਹੇ ਸੰਤ, ਸੂਫ਼ੀ, ਫ਼ਕੀਰ, ਗੁਰੂ ਵੀ ਅਗਰਭੂਮੀ ਵਿਚ ਆ ਰਹੇ ਸਨ, ਜਿਨ੍ਹਾਂ ਨੇ ਇਨ੍ਹਾਂ ਵਿਰੋਧਾਂ ਨੂੰ ਘਟਾਉਣ ਅਤੇ ਦੂਜੇ ਪਾਸੇ ਇਨ੍ਹਾਂ ਦੋਵੇਂ ਸੰਸਕ੍ਰਿਤੀਆਂ ਵਿਚ ਇਕ ਸਮਨਵੈ ਪੈਦਾ ਕਰਨ ਲਈ ਆਪਣੀ ਅਹਿਮ ਭੂਮਿਕਾ ਨਿਭਾਈ। ਸਮਨਵੈ ਦੇ ਫਲਸਰੂਪ ਪੰਜਾਬੀ ਜਨ-ਜੀਵਨ ਵਿਚ ਸਾਂਝੀ ਸੰਸਕ੍ਰਿਤੀ ਦੀਆਂ ਜੜ੍ਹਾਂ ਲੱਗਣੀਆਂ ਆਰੰਭ ਹੋਈਆਂ ਅਤੇ ਪਹਿਲੀ ਵਾਰ ਧਰਮ ਨਿਰਪੱਖ ਤੇ ਮਾਨਵਵਾਦੀ ਪੰਜਾਬੀਅਤ ਦੇ ਲੋਕਚਿਤ ਦੀ ਪੰਜਾਬੀ ਲੋਕ-ਮਨ ਵਿਚ ਸਿਰਜਣਾ ਹੋਈ। ਪੰਜਾਬੀਅਤ ਦੀ ਸਾਂਝੀ ਮਨੋ-ਭਾਵਨਾ ਦੀ ਧੁਨੀ ਆਪਣੀ ਉਭਰਵੀਂ ਸੁਰ ਅਤੇ ਭਾਵਨਾ ਵਿਚ ਨਾਥ ਜੋਗੀ ਕਾਵਿ-ਪੰਰਪਰਾ ਤੋਂ ਲੈ ਕੇ ਸੂਫ਼ੀ ਕਾਵਿ ਪਰੰਪਰਾ ਅਤੇ ਗੁਰਮਤਿ ਕਾਵਿ ਪਰੰਪਰਾ ਤੱਕ ਆਪਣਾ ਪਾਸਾਰ ਤੇ ਸੰਚਾਰ ਕਰਦੀ ਹੈ।

ਪੰਜਾਬੀ ਸੂਫੀ ਕਾਵਿ ਪੰਜਾਬੀ ਸਾਹਿਤ, ਇਤਿਹਾਸ ਅਤੇ ਸੱਭਿਆਚਾਰ ਦਾ ਵੱਡਮੁੱਲਾ ਅਤੇ ਗੌਰਵਮਈ ਸਰਮਾਇਆ ਹੈ। ਪੰਜਾਬੀ ਸੂਫੀ ਕਵੀ ਮੁਸਲਮਾਨ ਹੋਣ ਦੇ ਨਾਤੇ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਸੰਦ ਕਰਦੇ ਸਨ। ਇਸ ਕਰਕੇ ਉਹਨਾਂ ਆਪਣੇ ਸੂਫ਼ੀਆਨਾ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਵਿਚ ਹੀ ਕੀਤਾ। ਸੂਫ਼ੀ ਮੱਤ ਅਤੇ ਸੂਫ਼ੀ ਦਰਸ਼ਨ ਸੰਬੰਧੀ ਭਾਵੇਂ ਵੱਖੋਂ-ਵੱਖ ਧਾਰਨਾਵਾਂ ਮਿਲਦੀਆਂ ਹਨ ਪਰੰਤੂ ਸੂਫ਼ੀ ਮੱਤ

ਇਸਲਾਮੀ ਜੀਵਨ-ਜਾਂਚ ਦਾ ਦੂਜਾ ਅਤੇ ਬਾਹਰਲੇ ਦਿਖਾਵੇ, ਕਰਮਕਾਂਡ ਅਤੇ ਵਹਿਮ-ਭਰਮ ਦੀ ਥਾਂ ਅੰਦਰਲੇ ਮਨ ਨੂੰ ਸੁਆਰਨ ਦਾ ਪਹਿਲਾ ਨਾਂ ਹੈ। ਸੂਫ਼ੀਮਤ ਬਾਰੇ ਡਾ. ਤਾਰਾ ਚੰਦ ਲਿਖਦੇ ਹਨ:

> **"ਸੂਫ਼ੀਵਾਦ ਸੱਚ-ਮੁੱਚ ਇਕ ਤੀਬਰ ਭਗਤੀ ਵਾਲਾ ਮੱਤ ਸੀ, ਇਸ਼ਕ ਜਿਸ ਦਾ ਵਲਵਲਾ, ਕਵਿਤਾ, ਸੰਗੀਤ ਤੇ ਨਾਚ ਜਿਸ ਦੀ ਉਪਾਸਨਾ ਅਤੇ ਰੱਬ ਨਾਲ ਅਭੇਦਤਾ ਜਿਸ ਦਾ ਆਦਰਸ਼ ਸੀ।"**[1]

ਪੰਜਾਬੀ ਸੂਫ਼ੀ ਕਵਿਤਾ ਵਿਚ ਬਾਬਾ ਫ਼ਰੀਦ ਅਤੇ ਸ਼ਾਹ ਹੁਸੈਨ ਤੋਂ ਬਾਅਦ ਬੁੱਲ੍ਹੇ ਸ਼ਾਹ ਇਕ ਅਜਿਹਾ ਸ਼ਾਇਰ ਹੈ ਜੋ ਸਭ ਤੋਂ ਜ਼ਿਆਦਾ ਮਕਬੂਲ ਹੋਇਆ ਹੈ। ਪੰਜਾਬੀ ਸੂਫ਼ੀ ਸਾਹਿਤ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਬਹੁਤ ਹਰਮਨ ਪਿਆਰੀਆਂ ਹਨ। ਬੁੱਲ੍ਹੇ ਸ਼ਾਹ ਨੇ ਆਪਣੀ ਕਵਿਤਾ ਵਿਚ ਪਹਿਲੀ ਵਾਰ ਇਸਲਾਮੀ ਸ਼ਰੀਅਤ ਦਾ ਖੁੱਲ੍ਹੇ ਰੂਪ ਵਿਚ ਵਿਰੋਧ ਕੀਤਾ। ਉਸਨੇ ਇਸਲਾਮੀ ਸ਼ਰੀਅਤ ਦੀ ਰੱਜ ਕੇ ਭੰਡੀ ਵੀ ਕੀਤੀ। ਬੁੱਲ੍ਹੇ ਸ਼ਾਹ ਨੇ ਪਰਮਾਤਮਾ ਨਾਲੋਂ ਪਾਏ ਵਿਯੋਗ ਨੂੰ ਖ਼ੰਤਮ ਕਰਕੇ ਮੁੜ ਮਿਲਾਪ ਦੀ ਅਵਸਥਾ ਪ੍ਰਾਪਤ ਕਰਨ ਲਈ ਕਿਸੇ ਪ੍ਰਕਾਰ ਦੇ ਬਾਹਰੀ ਭੇਖਾਂ, ਪਾਖੰਡਾਂ ਅਤੇ ਸ਼ਰੀਅਤ ਦੀ ਜ਼ਰੂਰਤ ਦੀ ਸਖ਼ਤ ਸ਼ਬਦਾਂ ਵਿਚ ਵਿਰੋਧਤਾ ਕੀਤੀ ਹੈ। ਬੁੱਲ੍ਹੇ ਸ਼ਾਹ ਆਪ ਫ਼ੱਕਰ ਸੁਭਾਅ ਦਾ ਮਾਲਕ ਸ਼ਾਇਰ ਸੀ। ਉਸ ਨੇ ਆਪਣੀ ਉੱਚੀ ਕੁੱਲ ਅਤੇ ਉੱਚੇ ਖ਼ਾਨਦਾਨ ਦੀ ਪਰਵਾਹ ਕੀਤੇ ਬਿਨਾਂ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਗਲੀਆਂ ਵਿਚ ਨੱਚ ਕੇ ਯਾਰ (ਪਰਮਾਤਮਾ) ਨੂੰ ਮਨਾਇਆ । ਡਾ. ਤੇਜਾ ਸਿੰਘ ਲਿਖਦੇ ਹਨ :

> **"ਬੁੱਲ੍ਹੇ ਸ਼ਾਹ ਨੇ ਆਪਣੇ ਵੇਲੇ ਦੀਆਂ ਸਥਾਪਤ ਹੋ ਚੁੱਕੀਆਂ ਕਦਰਾਂ-ਕੀਮਤਾਂ ਅਤੇ ਸਮਾਜਿਕ ਪਰੰਪਰਾਵਾਂ ਦਾ ਰੱਜ ਕੇ ਖੰਡਨ ਕੀਤਾ। ਉਸਨੇ ਆਪਣੇ ਸਮਕਾਲੀ ਸਮਾਜ ਵਿਚ ਇਸ਼ਕ ਅਤੇ ਪਿਆਰ ਦੇ ਅਪ੍ਰਵਾਨਤ ਰੂਪ ਨੂੰ ਆਪਣੀਆਂ ਕਾਫ਼ੀਆਂ ਵਿਚ ਬਹੁਤ ਹੀ ਖੁੱਲਦਿਲੀ ਨਾਲ ਅਤੇ ਬੜੀ ਸ਼ਿੱਦਤ ਨਾਲ ਪੇਸ਼ ਕੀਤਾ।"**[2]

ਬੁੱਲ੍ਹੇ ਸ਼ਾਹ ਦੀ ਕਵਿਤਾ ਵਿਚ ਵਿਯੋਗ ਅਤੇ ਬਿਰਹਾ ਦੇ ਚਿੱਤਰਣ ਦੀ ਗੱਲ ਕਰੀਏ ਤਾਂ ਪੰਜਾਬੀ ਸੂਫ਼ੀ ਕਵਿਤਾ ਸਾਰੀ ਹੀ ਵਿਯੋਗ ਅਤੇ ਬਿਰਹਾ ਨਾਲ ਸੰਬੰਧਿਤ ਹੈ। ਉਹ ਚਾਹੇ ਬਾਬਾ ਫ਼ਰੀਦ ਦੀ ਕਵਿਤਾ ਹੋਵੇ, ਸ਼ਾਹ ਹੁਸੈਨ ਦੀ ਜਾਂ ਫਿਰ ਬੁੱਲ੍ਹੇ ਸ਼ਾਹ ਦੀ । ਮਨੁੱਖ ਦਾ ਪਰਮਾਤਮਾ ਨਾਲੋਂ ਵਿਛੜੇ ਹੋਣਾ ਵਿਯੋਗ ਕਹਾਉਂਦਾ ਹੈ। ਸੂਫ਼ੀ ਮਾਰਗ ਵਿਯੋਗੇ ਮਨੁੱਖਾਂ ਦਾ ਮਾਰਗ ਹੈ। ਇਸ ਮਾਰਗ ਤੇ ਤੁਰਨ ਵਾਲੇ ਜਿਸ ਸਾਧਕ ਨੂੰ ਪਰਮਾਤਮਾ ਨਾਲੋਂ ਪਏ ਵਿਯੋਗ ਦਾ ਗਿਆਨ ਹੋ ਜਾਂਦਾ ਹੈ ਉਸ ਵਿਅਕਤੀ ਦੀ ਆਤਮਾ ਬਾਹਰੀ ਭੇਖ ਛੱਡ ਕੇ ਸੂਫ਼ੀ ਰੰਗ ਵਿਚ ਰੰਗੀ ਜਾਂਦੀ ਹੈ। ਇਹ ਸੋਝੀ ਆਉਣ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਆਪਣੀ ਭਟਕਣ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਸ ਵਿਅਕਤੀ ਦੀ ਆਤਮਾ ਬਾਹਰੀ ਭੇਖ ਛੱਡ ਕੇ ਸੂਫ਼ੀ ਰੰਗਤ ਦੀ ਹੋ ਜਾਂਦੀ ਹੈ :

> **"ਜਦ ਜੀਵ ਨੂੰ ਆਪੇ ਦੀ ਸੋਝੀ ਹੁੰਦੀ ਹੈ ਕਿ ਮੈਂ ਏਨਾ ਸਮਾਂ ਵਿਅਰਥ ਗੁਆਇਆ ਹੈ ਤਾਂ ਫਿਰ ਉਸ ਦੀ ਤਲਾਸ਼ ਬਾਹਰਮੁਖੀ ਨਹੀਂ ਸਗੋਂ ਅੰਦਰਮੁਖੀ ਹੁੰਦੀ ਹੈ। ਉਸ ਨੂੰ ਖ਼ੁਦ ਆਪਣੀ ਭਟਕਣ ਦਾ ਅਹਿਸਾਸ ਹੁੰਦਾ ਹੈ। ਸੋਝੀ ਵਿਅਕਤੀ ਨੂੰ ਆਪਣੀ ਭਟਕਣ ਦੇ ਅਹਿਸਾਸ ਵਜੋਂ ਹੀ ਆਉਂਦੀ ਹੈ।"**[3]

ਬਿਰਹਾ ਰੰਗ ਹਰ ਸੂਫ਼ੀ ਦੀ ਕਵਿਤਾ ਦਾ ਪ੍ਰਧਾਨ ਵਿਸ਼ਾ ਬਣ ਕੇ ਸਾਹਮਣੇ ਆਉਂਦਾ ਹੈ। ਅਸਲ ਵਿਚ ਬਿਰਹਾ ਤੋਂ ਬਿਨਾਂ ਸੂਫ਼ੀ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਬਿਰਹਾ ਤੋਂ ਬਿਨਾਂ ਸੂਫ਼ੀ ਕਵਿਤਾ ਅਜਿਹੀ ਹੋਵੇਗੀ ਜਿਸ ਤਰ੍ਹਾਂ ਬਿਨਾਂ ਸੁਆਸਾਂ ਦੇ ਮਨੁੱਖੀ ਸ਼ਰੀਰ। ਇਸ ਲਈ ਸਾਰੇ ਪੰਜਾਬੀ ਸੂਫ਼ੀ

ਕਵੀਆਂ ਨੇ ਬਿਰਹਾ ਨੂੰ ਆਪਣੀ ਕਵਿਤਾ ਵਿਚ ਵਡਿਆਇਆ ਹੈ। ਪੰਜਾਬੀ ਸੂਫ਼ੀ ਕਵੀਆਂ ਦੁਆਰਾ ਬਿਰਹਾ ਨੂੰ ਪਰਮਾਤਮਾ ਦੇ ਮਿਲਾਪ ਦਾ ਆਧਾਰ ਬਣਾ ਕੇ ਪੇਸ਼ ਕੀਤਾ ਗਿਆ ਹੈ :

> **"ਸੂਫ਼ੀ ਰਹੱਸਵਾਦ ਅਨੁਸਾਰ ਮਨੁੱਖ ਤੇ ਰੱਬ ਦਾ ਇਕ ਰੂਪ ਹੋਣਾ ਕੇਂਦਰੀ ਖਿਆਲ ਹੈ। ਜੀਵ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਰੱਬ ਦਾ ਹੀ ਇਕ ਅੰਗ ਜਾਂ ਭਾਗ ਸੀ। ਜਦੋਂ ਇਹ ਵੱਖਰੀ ਹੋਂਦ ਵਿਚ ਆਇਆ ਤਾਂ ਆਪਣੇ ਅਸਲ ਰੂਪ (ਰੱਬ) ਨੂੰ ਭੁੱਲ ਗਿਆ। ਹਸਤੀ ਨੇ ਜੀਵ ਨੂੰ ਰੱਬ ਤੋਂ ਵੱਖ ਕਰ ਦਿੱਤਾ। ਰੱਬ ਤੋਂ ਇਹ ਵਿਛੋੜਾ ਹੀ ਸੂਫ਼ੀ ਦੇ ਜੀਵਨ ਦਾ ਦੁਖਾਂਤ ਹੈ। ਪਰ ਜੀਵ ਦੀ ਮੁੜ ਵਾਪਸੀ ਦਾ ਇਲਾਜ ਵੀ ਇਹ ਬਿਰਹਾ ਦੀ ਭਾਵਨਾ ਹੀ ਹੈ।"**[4]

ਬੁੱਲ੍ਹੇ ਸ਼ਾਹ ਇਕ ਅਜਿਹਾ ਕਵੀ ਹੈ ਜਿਸਨੇ ਵਿਯੋਗ ਨੂੰ ਕੇਵਲ ਸਮਝਿਆ ਹੀ ਨਹੀਂ ਬਲਕਿ ਇਸ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਵੀ ਹੈ ਅਤੇ ਇਸ ਵਿਯੋਗ ਨੂੰ ਆਪਣੀ ਸ਼ਾਇਰੀ ਵਿਚ ਪੇਸ਼ ਵੀ ਕੀਤਾ ਹੈ। ਬੁੱਲ੍ਹੇ ਸ਼ਾਹ ਦੀ ਸ਼ਾਇਰੀ ਦੇ ਆਰ-ਪਾਰ ਇਸ਼ਕ ਦੀ ਤਿੱਖੀ ਲੋਚਾ, ਵਿਯੋਗ ਦਾ ਸਮਾਂ ਅਤੇ ਬਿਰਹਾ ਦੀ ਤੜਪ ਫੈਲੀ ਹੋਈ ਹੈ। ਉਹ ਜਿੱਥੇ ਆਪਣੀ ਸ਼ਾਇਰੀ ਵਿਚ ਪਰਮਾਤਮਾ ਨਾਲੋਂ ਵਿਯੋਗ ਧਾਰਨ ਕੀਤੇ ਮਨੁੱਖਾਂ ਬਾਰੇ ਗੱਲ ਕਰਦਾ ਹੈ। ਉੱਥੇ ਉਹ ਪ੍ਰਭੂ ਮਿਲਾਪ ਦੇ ਚਿੱਤਰ ਵੀ ਆਪਣੇ ਕਲਾਮ ਵਿਚ ਸਿਰਜਦਾ ਹੈ। ਇਹ ਮਿਲਾਪ ਦਾ ਵਰਣਨ ਨਾ ਤਾਂ ਬਾਬਾ ਫ਼ਰੀਦ ਦੇ ਕਲਾਮ ਵਿਚ ਮਿਲਦਾ ਹੈ ਅਤੇ ਨਾ ਹੀ ਸ਼ਾਹ ਹੁਸੈਨ ਦੇ ਕਲਾਮ ਵਿਚ। ਬੁੱਲ੍ਹੇ ਸ਼ਾਹ ਤੋਂ ਪਹਿਲਾਂ ਸੂਫ਼ੀ ਕਵੀਆਂ ਨੇ ਕੇਵਲ ਵਿਯੋਗ ਨੂੰ ਆਪਣੀ ਕਵਿਤਾ ਦਾ ਸ਼ਿੰਗਾਰ ਬਣਾਇਆ ਹੈ ਪਰ ਬੁੱਲ੍ਹੇ ਸ਼ਾਹ ਨੇ ਵਿਯੋਗ ਦੇ ਨਾਲ-ਨਾਲ ਪ੍ਰਭੂ ਮਿਲਾਪ ਨੂੰ ਵੀ ਆਪਣੇ ਕਲਾਮ ਵਿਚ ਅਹਿਮ ਸਥਾਨ ਦਿੱਤਾ ਹੈ। ਬੁੱਲ੍ਹੇ ਸ਼ਾਹ ਦੇ ਵਿਸ਼ਵਾਸ ਅਨੁਸਾਰ ਉਹ ਆਪਣੇ ਪੂਰਬਲੇ ਜਨਮ ਦੇ ਮਾੜੇ ਕਰਮਾਂ ਕਾਰਨ ਹੀ ਇਸ ਨਾਸ਼ਮਾਨ ਸੰਸਾਰ ਵਿਚ ਆਪਣੇ ਪ੍ਰੀਤਮ-ਪ੍ਰਭੂ ਨਾਲੋਂ ਵਿਯੋਗ ਦਾ ਸੰਤਾਪ ਹੰਢਾ ਰਿਹਾ ਹੈ। ਪਰਮਾਤਮਾ ਨਾਲੋਂ ਪਿਆ ਇਹ ਵਿਯੋਗ ਬੁੱਲ੍ਹੇ ਸ਼ਾਹ ਨੂੰ ਤੜਪਾ ਰਿਹਾ ਹੈ। ਕਿਉਂਕਿ ਇਸ ਵਿਯੋਗ ਵਿਚੋਂ ਬਿਰਹਾ ਨੇ ਜਨਮ ਲੈ ਲਿਆ ਹੈ। ਬਿਰਹਾ ਦੀ ਤਿੱਖੀ ਤਲਵਾਰ ਨੇ ਬੁੱਲ੍ਹੇ ਸ਼ਾਹ ਦੇ ਸਰੀਰ ਅਤੇ ਆਤਮਾ ਨੂੰ ਜਖ਼ਮੀ ਕਰ ਦਿੱਤਾ ਹੈ। ਬਿਰਹਾ ਉਹ ਤੜਪ ਹੈ ਜੋ ਬੁੱਲ੍ਹੇ ਸ਼ਾਹ ਦੇ ਪ੍ਰਭੂ-ਪ੍ਰੇਮ ਦੀ ਪ੍ਰਤੀਕ ਹੈ ਕਿਉਂਕਿ ਕਿਸੇ ਵਿਅਕਤੀ ਦੇ ਅੰਤਰ-ਮਨ ਵਿਚ ਬਿਰਹਾ ਉਸ ਵੇਲੇ ਤੱਕ ਉਤਪੰਨ ਨਹੀਂ ਹੋ ਸਕਦੀ ਜਦੋਂ ਤੱਕ ਉਸ ਦਾ ਆਪਣੇ ਪ੍ਰੀਤਮ ਨਾਲ ਪ੍ਰੇਮ ਨਾ ਹੋਵੇ। ਪ੍ਰਭੂ ਨਾਲੋਂ ਵਿਯੋਗ ਤਾਂ ਹਰ ਮਨੁੱਖ ਹੰਢਾ ਰਿਹਾ ਹੈ ਪਰ ਬਿਰਹਾ ਕਿਸੇ ਵਿਰਲੇ ਵਿਅਕਤੀ ਦੇ ਹਿੱਸੇ ਆਉਂਦੀ ਹੈ। ਬਿਰਹਾ ਅਸਲ ਵਿੱਚ ਮਨੁੱਖ ਦੇ ਜਾਗ੍ਰਤ ਹੋਣ ਦਾ ਅਹਿਸਾਸ ਹੈ ।

> **"ਬੁੱਲ੍ਹੇ ਸ਼ਾਹ ਮੈਂ ਤੇਰੀ ਬਰਦੀ ਹਾਂ, ਤੇਰਾ ਮੁੱਖ ਵੇਖਣ ਨੂੰ ਮਰਦੀ ਹਾਂ,**
> **ਨਿੱਤ ਸੌ ਸੌ ਮਿੰਨਤਾਂ ਕਰਦੀ ਹਾਂ, ਹੁਣ ਬੈਠ ਪਿੰਜਰ ਵਿਚ ਧੱਸ ਕਰ ਜੀ,**
> **ਬੱਸ ਕਰ ਜੀ ਹੁਣ ਬੱਸ ਕਰ ਜੀ।"**[5]

ਪ੍ਰਭੂ ਪ੍ਰੀਤਮ ਦੇ ਇਸ਼ਕ ਨੇ ਬੁੱਲ੍ਹੇ ਸ਼ਾਹ ਨੂੰ ਇਸ ਕਦਰ ਦੀਵਾਨਾ ਕਰ ਦਿੱਤਾ ਹੈ ਕਿ ਉਸ ਨੂੰ ਮੱਕੇ ਦੀ ਯਾਤਰਾ ਦਾ ਵੀ ਕੋਈ ਲਾਭ ਨਜ਼ਰ ਨਹੀਂ ਆ ਰਿਹਾ। "ਬੁੱਲ੍ਹੇ ਸ਼ਾਹ ਨੇ ਇਸ਼ਕ ਹਕੀਕੀ ਦੀ ਪ੍ਰਸਤੁਤੀ ਲਈ ਦੁਨੀਆਵੀ ਜੀਵਨ ਵਿਚ ਸਾਡੀ ਲੋਕਧਾਰਾ ਦੀ ਸੁਪ੍ਰਸਿੱਧ ਪ੍ਰੀਤ ਜੋੜੀ ਹੀਰ-ਰਾਂਝੇ ਨੂੰ ਆਧਾਰ ਬਣਾਇਆ ਹੈ।"[6] ਉਹ ਆਪਣੀ ਜਿੰਦ ਨੂੰ ਹੀਰ ਸਲੇਟੀ ਦਾ ਚੋਲਾ ਪਹਿਨਾ ਕੇ ਪਰਮਾਤਮਾ ਨੂੰ ਰਾਂਝੇ ਦੇ ਰੂਪ ਵਿਚ ਸਿਰਜ

ਕੇ, ਰਾਂਝੇ ਦੇ ਦੇਸ਼ ਤਖ਼ਤ ਹਜ਼ਾਰੇ ਜਾਣ ਲਈ ਤਰਲੇ ਕਰਦਾ ਹੋਇਆ ਕਹਿੰਦਾ ਹੈ ਕਿ ਲੋਕ ਤਾਂ ਕਾਅਬੇ ਦੀ ਪੂਜਾ ਕਰਦੇ ਹਨ ਪਰ ਮੈਂ ਆਪਣੇ ਪ੍ਰੀਤਮ ਪਿਆਰੇ ਨੂੰ ਪਿਆਰ ਕਰਦਾ ਹਾਂ।

ਬੁੱਲ੍ਹੇ ਸ਼ਾਹ ਦਾ ਮੰਨਣਾ ਹੈ ਕਿ ਜਿਸ ਵਿਅਕਤੀ ਅੰਦਰ ਸਮਾਜਿਕ ਬੰਧਨਾਂ ਦਾ ਗਿਆਨ ਜਾਂ ਡਰ ਹੁੰਦਾ ਹੈ ਉਹ ਪ੍ਰਭੂ ਪ੍ਰੀਤਮ ਦੇ ਇਸ਼ਕ ਵਿਚ ਆਪਾ ਕੁਰਬਾਨ ਨਹੀਂ ਕਰ ਸਕਦਾ। ਪ੍ਰਭੂ ਦੇ ਇਸ਼ਕ ਵਿਚ ਲੋਚਣ ਲਈ ਆਪਣੀ ਹਉਮੈ ਅਤੇ ਮਾਨ-ਸਨਮਾਨ ਦਾ ਤਿਆਗ ਕਰਕੇ ਆਪਣੇ ਪ੍ਰੀਤਮ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਪੈਂਦਾ ਹੈ :

**"ਇਲਮੋਂ ਬੱਸ ਕਰੀਂ ਓ ਯਾਰ।**
**ਇਲਮ ਨਾ ਆਵੇ ਵਿਚ ਸੁਮਾਰ, ਇਕੋ ਅਲਫ਼ ਤੇਰੇ ਦਰਕਾਰ,**
**ਜਾਂਦੀ ਉਮਰ ਨਹੀਂ ਇਤਬਾਰ, ਇਲਮੋਂ ਬੱਸ ਕਰੀਂ ਓ ਯਾਰ,**
**ਇਲਮੋਂ ਬੱਸ ਕਰੀਂ ਓ ਯਾਰ।"**[7]

ਬੁੱਲ੍ਹੇ ਸ਼ਾਹ ਅਜਿਹਾ ਸੂਫ਼ੀ-ਸਾਧਕ ਹੈ ਜਿਸਨੇ ਆਪਣੇ ਅਤੇ ਪ੍ਰਭੂ-ਪ੍ਰੀਤਮ ਵਿਚਕਾਰ ਸੰਸਾਰਕ ਗਿਆਨ ਨੂੰ ਰੁਕਾਵਟ ਨਹੀਂ ਬਣਨ ਦਿੱਤਾ। ਉਹ ਬੇਪਰਵਾਹ ਹੋ ਕੇ ਆਪਣੇ ਪ੍ਰੀਤਮ ਦੇ ਇਸ਼ਕ ਵਿਚ ਆਪਣਾ ਸਭ ਕੁਝ ਕੁਰਬਾਨ ਕਰ ਦਿੰਦਾ ਹੈ। ਡਾ. ਸੁਹਿੰਦਰਬੀਰ ਲਿਖਦੇ ਹਨ:

> **"ਪ੍ਰਭੂ-ਮਿਲਾਪ ਲਈ ਬੁੱਲ੍ਹੇ ਸ਼ਾਹ ਇਲਮ ਨੂੰ ਇਸ਼ਕ ਨਾਲੋਂ ਪਿੱਛੇ ਛੱਡ ਜਾਂਦਾ ਹੈ। ਕਿਤਾਬ-ਗਿਆਨ ਦੇ ਚਾਨਣ ਨਾਲ ਜੀਵ ਦੇ ਹਿਰਦੇ ਵਿਚ ਚਾਨਣ ਹੋਣ ਦੀ ਬਜਾਇ ਹਨੇਰਾ ਹੁੰਦਾ ਹੈ। ਜੀਵ ਹਉਮੈਂ ਵਿਚ ਆ ਜਾਂਦਾ ਹੈ। ਹਉਮੈਂ ਨੂੰ ਮਾਰਨ ਨਾਲ ਹੀ ਤਾਂ ਰੱਬ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ-ਮੇਲ ਇਸ਼ਕ ਦੇ ਰਸਤੇ ੑਤੇ ਚੱਲ ਕੇ ਹੀ ਸੰਭਵ ਹੈ।"**[8]

ਜਿਸ ਵੇਲੇ ਕਿਸੇ ਸਾਧਕ ਦੇ ਮਨ ਉੱਤੇ ਬਿਰਹਾ ਦੀ ਹਾਲਤ ਭਾਰੂ ਹੁੰਦੀ ਹੈ ਤਾਂ ਉਸ ਸਾਧਕ ਦੇ ਮਨ ਵਿਚ ਪ੍ਰੀਤਮ ਦੇ ਵਿਯੋਗ ਦਾ ਸੰਤਾਪ, ਮਿਲਣ ਦੀ ਚਿੰਤਾ ਅਤੇ ਭਵਿੱਖ ਦਾ ਭੈਅ ਬਣਿਆ ਰਹਿੰਦਾ ਹੈ। ਬੁੱਲ੍ਹੇ ਸ਼ਾਹ ਵੀ ਇਸ ਅਵਸਥਾ ਨੂੰ ਆਪਣੇ ਤਨ ਅਤੇ ਮਨ ਉੱਤੇ ਭੋਗ ਰਿਹਾ ਹੈ। ਉਹ ਪ੍ਰੀਤਮ ਦੇ ਵਿਯੋਗ ਵਿਚ ਹਰ ਦਿਨ ਘੁਲਦਾ ਜਾ ਰਿਹਾ ਹੈ। ਉਸਦੀ ਜਿੰਦ ਆਪਣੇ ਪ੍ਰੀਤਮ ਦੇ ਵਿਯੋਗ ਵਿਚ ਸੁੱਕ ਕੇ ਤੀਲੇ ਦੇ ਸਮਾਨ ਹੋ ਗਈ ਹੈ ਜਿਸਨੂੰ ਬਿਰਹਾ ਦੇ ਬਘਿਆੜ ਨੇ ਲੁੱਟ ਲਿਆ ਹੈ। ਬੁੱਲ੍ਹੇ ਸ਼ਾਹ ਆਪਣੇ ਪ੍ਰੀਤਮ ਅੱਗੇ ਇਕ ਨਿਮਾਣੀ ਇਸਤਰੀ ਦੇ ਰੂਪ ਵਿਚ ਅਰਜ਼ੋਈਆਂ ਕਰਦਾ ਹੈ। ਮਨ ਦੀ ਅਵਸਥਾ ਦਾ ਇਹ ਹਾਲ ਸੂਫ਼ੀ ਮੰਡਲ ਵਿਚ ਵਿਯੋਗੇ ਮਨੁੱਖ ਦਾ ਸਿਖ਼ਰ ਬਣਦਾ ਹੈ। ਬਿਰਹਨ ਇਸਤਰੀ ਕਹਿ ਰਹੀ ਹੈ ਕਿ ਉਸ ਦਾ ਮੁਰਸ਼ਦ ਰੂਪੀ ਪਤੀ ਉਸ ਦੇ ਦਿਲ ਰੂਪੀ ਵਿਹੜੇ ਵਿਚ ਮੁੜ ਆਵੇ ਅਤੇ ਉਸ ਨੂੰ ਆਪਣੀ ਦੀਦ ਦਾ ਦਰਸ਼ਨ ਕਰਵਾ ਦੇਵੇ। ਪ੍ਰੀਤਮ ਦੇ ਵਿਛੋੜੇ ਕਾਰਨ ਉਸਦੀ ਹਾਲਤ ਦੀਵਾਨਿਆਂ ਵਰਗੀ ਹੋ ਗਈ ਹੈ ਅਤੇ ਲੋਕ ਉਸ ਨੂੰ ਟੋਕਾਂ ਲਾਉਣ ਲੱਗ ਗਏ ਹਨ।

**"ਘੁੰਘਟ ਉਹਲੇ ਨਾ ਲੁੱਕ ਸੋਹਣਿਆਂ, ਮੈਂ ਮੁਸਤਾਕ ਦੀਦਾਰ ਦੀ ਹਾਂ।**
**ਜਾਨੀ ਬਾਜ ਦੀਵਾਨੀ ਹੋਈ, ਟੋਕਾਂ ਕਰਕੇ ਲੋਕ ਸਭੋ ਈ।**
**ਜੇਕਰ ਯਾਰ ਕਰੇ ਦਿਲਜੋਈ, ਮੈਂ ਫਰਿਯਾਦ ਪੁਕਾਰਦੀ ਹਾਂ।"**[9]

ਅਸਲ ਵਿਚ ਪ੍ਰਭੂ ਦੇ ਇਸ਼ਕ ਵਿਚ ਰੰਗਿਆ ਹੋਇਆ ਵਿਅਕਤੀ ਜਦ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਤਾਂ ਉਸ ਸਮੇਂ ਦੇ ਕੁੱਝ ਵੀ ਵੱਸ ਨਹੀਂ ਰਹਿੰਦਾ। ਉਸ ਵੇਲੇ ਉਹ ਜੋ ਕੁੱਝ ਵੀ ਕਰਦਾ ਹੈ, ਉਹ ਸਭ ਪ੍ਰਭੂ ਹੀ ਕਰਵਾ ਰਿਹਾ ਹੁੰਦਾ ਹੈ। ਦੂਜੇ ਪਾਸੇ ਇਸ਼ਕ ਵਿਚ ਰੰਗੇ ਸਾਧਕ ਨੂੰ ਦੇਖ ਕੇ ਦੁਨੀਆਂ ਦੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਅਤੇ ਕਮਲਾ ਜਾਂ ਝੱਲਾ ਵੀ ਕਹਿਣ ਲੱਗ ਪੈਂਦੇ ਹਨ ਤੇ ਉਸਨੂੰ ਸਜਾਵਾਂ ਵੀ ਦੇ ਦਿੰਦੇ ਹਨ। ਇਹੋ ਕੁੱਝ ਮਨਸੂਰ ਨਾਲ ਵੀ ਹੋਇਆ ਸੀ। ਪ੍ਰੋ. ਗੁਲਵੰਤ ਅਨੁਸਾਰ :

> **"ਇਸ਼ਕ ਦਾ ਦਸਤੂਰ ਨਿਰਾਲਾ ਅਤੇ ਇਸ਼ਕ ਦਾ ਪੰਧ ਨਿਆਰਾ ਹੈ। ਇਸ਼ਕ ਦੀ ਵਿਵਹਾਰ-ਗਤੀ ਜੋ ਵਾਸਤਵ ਵਿਚ ਮਾਹੀ ਯਾਰ ਵੱਲ ਪ੍ਰਗਤੀ ਹੈ ਸੰਸਥਾਵਾਦੀਆਂ ਨੂੰ ਬੇਸੁਰ ਪ੍ਰਤੀਤ ਹੁੰਦੀ ਹੈ। ਇਸ਼ਕ ਕੋਈ ਜਜ਼ਬਾਤੀ ਜਾਂ ਭਾਵਨਾਵਾਂ ਦੀ ਤੀਬਰਤਾ ਨਹੀਂ। ਸੂਫ਼ੀ ਮੰਡਲ ਵਿਚ ਇਸ਼ਕ ਇਕ ਸੂਖ਼ਮ, ਗੰਭੀਰ ਅਤੇ ਵਿਵੇਕਮਈ ਸਾਖਿਆਤ-ਦ੍ਰਿਸ਼ਟੀ ਹੈ ਜੋ ਸੱਚ ਦੀ ਨੁਹਾਰ ਨੂੰ ਪਛਾਣਦੀ ਹੈ ਅਤੇ ਉਸਦੇ ਨਾਲ ਇਕਮਿਕਤਾ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹੈ।"**[10]

ਬਾਬਾ ਫ਼ਰੀਦ ਅਤੇ ਸ਼ਾਹ ਹੁਸੈਨ ਦੀ ਕਵਿਤਾ ਵਿਚ ਜਿੱਥੇ ਬਿਰਹਾ ਦੀ ਅਗਨੀ ਦੇ ਸੰਘਣੇ ਚਿੱਤਰ ਮਿਲਦੇ ਹਨ ਉੱਥੇ ਬੁੱਲ੍ਹੇ ਸ਼ਾਹ ਦੀ ਬਿਰਹਾ ਮਿਲਾਪ ਦੇ ਸੁੱਖ ਨਾਲ ਸ਼ਾਂਤ ਹੁੰਦੀ ਵੇਖੀ ਜਾ ਸਕਦੀ ਹੈ। ਜਿਸ ਵੇਲੇ ਬੁੱਲ੍ਹੇ ਸ਼ਾਹ ਨੂੰ ਆਪਣੇ ਪ੍ਰੀਤਮ ਦਾ ਦੀਦਾਰ ਹੋ ਜਾਂਦਾ ਹੈ ਤਾਂ ਉਹ ਖੁਸ਼ੀ ਵਿਚ ਦੀਵਾਨਾ ਹੋ ਜਾਂਦਾ ਹੈ। ਬੁੱਲ੍ਹੇ ਸ਼ਾਹ ਹੁਣ ਪ੍ਰਭੂ ਪ੍ਰੀਤਮ ਨਾਲ ਇਕਮਿਕਤਾ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ :

> **"ਹੱਥ ਖੂੰਡੀ ਮੇਰੇ ਅੱਗੇ ਮੰਗੂ; ਮੋਢੇ ਭੂਰਾ ਲੋਈ।**
> **ਬੁੱਲ੍ਹਾ ਹੀਰ ਸਲੇਟੀ ਵੇਖੋ, ਕਿੱਥੇ ਜਾਂ ਖਲੋਈ।**
> **ਰਾਂਝਾ-ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।**
> **ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।"**[11]

ਪ੍ਰਭੂ-ਪ੍ਰੀਤਮ ਦੇ ਇਸ਼ਕ ਵਿਚ ਰੰਗਣ ਲਈ ਕਿਸੇ ਵੀ ਧਾਰਮਿਕ ਕਰਮਕਾਂਡ, ਪੂਜਾ, ਪਾਠ, ਰੋਜੇ ਜਾਂ ਨਮਾਜ ਆਦਿ ਦੀ ਲੋੜ ਨਹੀਂ ਹੁੰਦੀ। ਬੁੱਲ੍ਹੇ ਸ਼ਾਹ ਅਨੁਸਾਰ ਰੱਬ ਨਾ ਤੀਰਥ ਸਥਾਨਾਂ ਉੱਪਰ ਬੈਠਾ ਹੈ ਅਤੇ ਨਾ ਹੀ ਮੱਕੇ ਵਿਚ ਬੈਠਾ ਹੈ। ਉਹ ਪਰਮਾਤਮਾ ਤਾਂ ਮਨੁੱਖ ਦੇ ਹਿਰਦੇ ਅੰਦਰ ਵੱਸਦਾ ਹੈ। ਪਰਮਾਤਮਾ ਆਪਣੇ ਪਿਆਰੇ ਦੇ ਮਨ ਵਿਚ ਇਸ਼ਕ ਦੀ ਚੇਟਕ ਵੀ ਖ਼ੁਦ ਪੈਦਾ ਕਰਦਾ ਹੈ ਅਤੇ ਉਸ ਸਾਧਕ ਨੂੰ ਇਸ ਕਦਰ ਦੀਵਾਨਾ ਕਰ ਦਿੰਦਾ ਹੈ ਕਿ ਉਸ ਨੂੰ ਸੰਸਾਰਕ ਰਸਮਾਂ-ਰਿਵਾਜਾਂ ਦੀ ਕੋਈ ਪਰਵਾਹ ਨਹੀਂ ਰਹਿੰਦੀ :

> **"ਆਖਾਂ ਵੇ ਦਿਲ ਜਾਨ ਪਿਆਰਿਆ, ਕੇਹਾ ਚੇਟਕ ਲਾਇਆ।"**[12]

ਬੁੱਲ੍ਹੇ ਸ਼ਾਹ ਦਾ ਪ੍ਰੀਤਮ ਨੂਰ ਅਨਵਾਰ ਹੈ ਜੋ ਦਿਸਦਾ ਨਹੀਂ ਪਰ ਮੁਰਸ਼ਦ ਉਸੇ ਮਾਸੂਕ ਦਾ ਸਾਕਾਰ ਰੂਪ ਹੈ। ਉਹ ਆਪਣੇ ਮੁਰਸ਼ਦ ਅਨਾਇਤ ਸ਼ਾਹ ਨੂੰ ਪਰਮਾਤਮਾ ਦਾ ਦੈਵੀ ਰੂਪ ਮੰਨਦਾ ਹੈ ਜਿਸ ਦੇ ਇਸ਼ਕ ਵਿਚ ਆਪਣਾ ਸੱਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ :

> **"ਮਾਪੇ ਛੋੜ ਲੱਗੀ ਲੜ ਤੇਰੇ, ਸ਼ਾਹ ਇਨਾਇਤ ਸਾਈਂ ਮੇਰੇ।**
> **ਲਾਈਆਂ ਦੀ ਲੱਜ ਪਾਲ ਵੇ, ਵਿਹੜੇ ਆ ਵੜ ਮੇਰੇ।"**[13]

ਜਿਸ ਸਾਧਕ ਨੇ ਆਪਣੇ ਤਨ ਅਤੇ ਮਨ ਉੱਪਰ ਬਿਰਹਾ ਦਾ ਸੰਤਾਪ ਹੰਢਾ ਲਿਆ ਹੈ ਉਹ ਇਸ਼ਕ ਮਾਧਿਅਮ ਦੁਆਰਾ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਇਸੇ ਲਈ ਬੁੱਲ੍ਹੇ ਸ਼ਾਹ ਨੇ ਆਪਣੀ ਬਿਰਹਾ ਭਾਵਨਾ ਨੂੰ ਪਗਟਾਉਣ ਲਈ ਇਸ਼ਕ ਵਿਚ ਮਿੱਟ/ਮਰ ਗਏ ਨਾਇਕ-ਨਾਇਕਾਵਾਂ ਨੂੰ ਪ੍ਰਤੀਕ ਵਜੋਂ ਵਰਤਿਆ ਹੈ :

**"ਇਸ਼ਕ ਹੋਰੀ ਹੀਰ ਪਰ ਆਏ, ਤਦ ਮੀਆਂ ਰਾਂਝੇ ਕੰਨ ਪੜਵਾਏ।**
**ਸਾਹਿਬਾਂ ਨੂੰ ਵਿਆਹੁਣ ਆਏ, ਸਿਰ ਮਿਰਜ਼ੇ ਦਾ ਵਾਰਿਆ ਈ।**
**ਸੱਸੀ ਨੂੰ ਚਾ ਬਲੀ ਰੁਲਾਯੋ, ਸੋਹਣੀ ਕੱਚੇ ਘੜੇ ਡੁਬਾਯੋ।**
**ਰੋਡੇ ਦੇ ਸਿਰ ਗਲਾ ਜੇ ਆਸੇ, ਪੁਰਜੇ ਕਰ ਕਰ ਮਾਰਿਆ ਈ।"**[14]

ਇਸ ਤਰ੍ਹਾਂ ਬੁੱਲ੍ਹੇ ਸ਼ਾਹ ਨੇ ਵਿਯੋਗ ਅਤੇ ਬਿਰਹਾ ਨੂੰ ਬੜੀ ਸ਼ਿੱਦਤ ਨਾਲ ਆਪਣੇ ਕਲਾਮ ਵਿੱਚ ਪੇਸ਼ ਕੀਤਾ ਹੈ ਅਤੇ ਉਸ ਦੀ ਕਵਿਤਾ ਹੱਡ-ਬੀਤੀ ਕਵਿਤਾ ਵਜੋਂ ਪੰਜਾਬੀ ਸੂਫ਼ੀ ਸਾਹਿਤ ਵਿਚ ਪੇਸ਼ ਹੋਈ ਹੈ। ਜਿਸ ਵੇਲੇ ਬੁੱਲ੍ਹੇ ਸ਼ਾਹ ਨੂੰ ਆਪਣੇ ਪ੍ਰੀਤਮ ਨਾਲੋਂ ਪਏ ਵਿਯੋਗ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਉਸ ਦੇ ਮਨ ਵਿਚ ਬਿਰਹਾ ਦੀ ਤੜਪ ਉਤਪੰਨ ਹੋ ਜਾਂਦੀ ਹੈ, ਜੋ ਉਸ ਨੂੰ ਸੱਚੇ ਅਤੇ ਸੁਯੋਗ ਮੁਰਸ਼ਦ ਦੀ ਪਹਿਚਾਣ ਕਰਾਉਂਦੀ ਹੈ। ਮੁਰਸ਼ਦ ਦੀ ਅਗਵਾਈ ਵਿਚ ਇਸ਼ਕ ਪੰਧ ਤੇ ਚੱਲਦਿਆਂ ਹੀ ਬੁੱਲ੍ਹੇ ਸ਼ਾਹ ਦਾ ਪ੍ਰਭੂ-ਪ੍ਰੀਤਮ ਨਾਲ ਮਿਲਾਪ ਹੁੰਦਾ ਹੈ।

**ਹਵਾਲੇ ਅਤੇ ਟਿਪਣੀਆਂ**


1 Chand, Tara, (1946), Influence of Islam on Indian Culture, Indian Press, Allahabad, p. 36

2 ਸਿੰਘ, ਤੇਜਾ (ਡਾ.), (2007), ਪੰਜਾਬੀ ਸੂਫ਼ੀ ਕਵਿਤਾ ਵਿਚ ਸਮਾਜਿਕ ਚੇਤਨਾ, ਰਾਹੁਲ ਪ੍ਰਕਾਸ਼ਨ, ਫ਼ਿਰੋਜਪੁਰ, ਪੰਨਾ 98

3 ਬੀਰ, ਸੁਹਿੰਦਰ (ਡਾ.), (2005), ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, ਪੰਨਾ 60

4 ਢਿੱਲੋਂ, ਗੁਰਦਿਆਲ ਸਿੰਘ (ਡਾ.), (2000), ਸ਼ਾਹ ਹੁਸੈਨ: ਦਰਸ਼ਨ, ਸਾਧਨਾ ਤੇ ਕਲਾ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, ਪੰਨਾ 85

5 ਸੈਨੀ, ਪ੍ਰੀਤਮ (ਡਾ.), (2007), ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 102, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 82

6 ਬੇਦੀ, ਹਰਮਿੰਦਰ ਸਿੰਘ (ਡਾ.), (1999), ਘੁੰਮਣ, ਬਿਕਰਮ ਸਿੰਘ (ਡਾ.), (ਮੁੱਖ ਸੰਪਾਦਕ), ਸੂਫ਼ੀ ਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ਼ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, ਪੰਨਾ 191

7 ਸੈਨੀ, ਪ੍ਰੀਤਮ (ਡਾ.), (2007), ਕਲਾਮ ਬੁੱਲ੍ਹੇ ਸ਼ਾਹ, ਕਾਫ਼ੀ ਨੰਬਰ 28, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ 16-17

8 ਬੀਰ, ਸੁਹਿੰਦਰ (ਡਾ.), (2005), ਬੁੱਲ੍ਹੇ ਸ਼ਾਹ ਦਾ ਸੂਫ਼ੀ ਅਨੁਭਵ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, ਪੰਨਾ 60

9 ਸ਼ਰਮਾ, ਜੀ. ਐਲ. (ਡਾ.), (1974), ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ-69, ਸੁੰਦਰ ਦਾਸ ਐਂਡ ਸੰਨਜ, ਅੰਮ੍ਰਿਤਸਰ, ਪੰਨੇ 198-199

10 ਸਿੰਘ, ਗੁਲਵੰਤ (ਪ੍ਰੋ.), (1986), ਇਸਲਾਮ ਅਤੇ ਸੂਫ਼ੀਵਾਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 141

11 ਸਿੰਘ, ਦੀਵਾਨ (ਡਾ.), (2004), ਘੁੰਮਣ, ਬਿਕਰਮ ਸਿੰਘ (ਮੁੱਖ ਸੰਪਾਦਕ), ਬੁੱਲ੍ਹੇ ਸ਼ਾਹ ਦਾ ਕਾਵਿ ਲੋਕ, ਕਾਫ਼ੀ ਨੰਬਰ-62, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, ਤੀਜੀ ਵਾਰ, ਪੰਨਾ 198

12 ਉਹੀ, ਪੰਨਾ 155

13 ਸ਼ਰਮਾ, ਜੀ.ਐਲ. (ਡਾ.), (1974), ਬੁੱਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਕਾਫ਼ੀ ਨੰਬਰ-109, ਸੁੰਦਰ ਦਾਸ ਐਂਡ ਸੰਨਜ, ਅੰਮ੍ਰਿਤਸਰ, ਪੰਨਾ 214

14 ਜੱਗੀ, ਰਤਨ ਸਿੰਘ, (ਡਾ.), (ਸਤਬੰਰ, 1985), ਖੋਜ ਪੱਤ੍ਰਿਕਾ, ਸਾਂਈ ਬੁੱਲ੍ਹੇ ਸ਼ਾਹ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 174